ੴ ਸਤਿਗੁਰ ਪ੍ਰਸਾਦਿ

ਟ੍ਰੈਕਟ ਨੰ: 114

MATA GUJRI LIBRARY
G.T.B. GURDWARA
106 EAST PARK ROAD
LEICESTER
TEL: (0116) 276 0

ਸਾਨੂੰ ਭਾਈ ਲਾਲੋ ਵਿਸਰ ਗਿਆ

ਪ੍ਰਕਾਸ਼ਕ:

ਗੁਰਮਤਿ ਪ੍ਰਚਾਰ ਸਭਾ

ਪਟਿਆਲਾ

ਫਰਵਰੀ	ਸੰਮਤ ਖਾਲਸਾ	ਪਹਿਲੀ ਵਾਰ
੧੯੯੭	੨੯੮	੨੫,੦੦੦

ਆਪ ਪੜ੍ਹ ਕੇ ਹੋਰਨਾਂ ਨੂੰ ਪੜ੍ਹਾਉਣ ਦੀ ਸੇਵਾ ਕਰੋ ਜੀ

ਸਾਨੂੰ ਭਾਈ ਲਾਲੋ ਵਿਸਰ ਗਿਆ!

ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਹੈ:-

" ਜਿਥੈ ਨੀਚੁ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ", ਅਕਾਲ ਪੁਰਖ ਦੀ ਬਖਸ਼ਿਸ਼ ਭਰੀ ਨਦਰ ਉਥੇ ਪੈਂਦੀ ਹੈ ਜਿਥੇ ਨੀਚਾਂ ਨੂੰ ਸੰਭਾਲਿਆ ਜਾਂਦਾ ਹੈ। ਇਹ ਨੀਚ ਸਮਾਜਿਕ ਪੱਖੋਂ, ਜ਼ਾਤ-ਪਾਤ ਦੇ ਵਿਤਕਰੇ ਕਰਕੇ ਹੋ ਸਕਦਾ ਹੈ, ਰਾਜਸੀ ਪੱਖੋਂ ਕਿਸੇ ਵਿਦੇਸ਼ੀ ਤਾਕਤ ਵੱਲੋਂ ਗੁਲਾਮ ਬਣਾਏ ਜਾਣ ਕਰਕੇ ਹੋ ਸਕਦਾ ਹੈ ਅਤੇ ਆਰਥਿਕ ਪੱਖੋਂ ਅਮੀਰ ਅਤੇ ਗਰੀਬ ਕਰਕੇ ਵੀ ਹੋ ਸਕਦਾ ਹੈ ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਅੱਗੇ ਰੱਖ ਕੇ ਕਿਹਾ :-

ਮੇਰਾ ਸਾਥ ਨੀਵਿਆਂ ਵਿਚੋਂ ਵੀ ਸਭ ਤੋਂ ਨੀਵੇਂ ਲੋਕਾਂ ਨਾਲ ਹੈ, ਜਿਹੜੇ ਆਪਣੇ ਆਪ ਨੂੰ ਵੱਡੇ(ਜ਼ਾਤ-ਪਾਤ ਕਰਕੇ, ਰਾਜਸੀ ਤਾਕਤ ਜਾਂ ਅਮੀਰੀ ਕਰਕੇ) ਸਮਝਦੇ ਹਨ, ਉਹਨਾਂ ਨਾਲ ਮੇਰੀ ਕੋਈ ਰੀਸ ਨਹੀਂ । ਅਸਲ ਸ਼ਬਦ ਇਸ ਤਰਾਂ ਹਨ:-

ਨੀਚਾ ਅੰਦਰਿ ਨੀਚੁ ਜਾਤ, ਨੀਚੀ ਹੂ ਅਤਿ ਨੀਚੁ ।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆਂ ਸਿਉਂ ਕਿਆ ਰੀਸ ॥

ਗੁਰੂ ਸਾਹਿਬ ਨੇ ਸਾਨੂੰ ਦੋ ਪ੍ਰਤੀਕ ਦਿੱਤੇ ਹਨ:-
ਇੱਕ-ਭਾਈ ਲਾਲੋ, ਦੂਜਾ-ਮਲਿਕ ਭਾਗੋ ।

ਇੱਕ- ਜਿਸ ਨਾਲ ਉਹ ਸਾਰੀ ਸਿੱਖ ਸੋਚ ਅਤੇ ਵਿਚਾਰਧਾਰਾ ਨੂੰ ਜੋੜਨਾ ਚਾਹੁੰਦੇ ਸਨ, ਜਿਸ ਦਾ 'ਸੰਗਿ ਸਾਥਿ' ਉਹਨਾਂ ਦੀ ਰੀਝ ਸੀ, ਪ੍ਰਤੀਬੱਧਤਾ ਸੀ । ਦੂਜਾ, ਜਿਸ ਤੋਂ ਉਹ ਆਪਣੇ ਸਿੱਖ ਨੂੰ ਸੁਚੇਤ ਰੱਖਣਾ ਚਾਹੁੰਦੇ ਸਨ, ਜਿਸ ਦੇ ਮੋਹ ਜਾਲ ਤੋਂ ਉਹ ਸਿੱਖ ਦੀ ਵਿਚਾਰਧਾਰਾ ਨੂੰ ਬਚਾਉਣਾ ਚਾਹੁੰਦੇ ਸਨ।

ਜਿਸ ਬਾਰੇ ਉਨ੍ਹਾਂ ਖੁੱਲੇ ਸ਼ਬਦਾਂ ਵਿੱਚ ਕਿਹਾ ਸੀ ਕਿ ਇਸ

ਨਾਲ ਮੇਰੀ ਕੋਈ ਰੀਸ ਨਹੀਂ, ਕੋਈ ਸਾਂਝ ਨਹੀਂ ।

ਇੱਕ ਪ੍ਰਤੀਕ ਸੀ - ਸੇਵਾ - ਹਲੀਮੀ, ਨਿਮਰਤਾ ਅਤੇ ਨਾਮ ਦਾ

ਦੂਜਾ ਪ੍ਰਤੀਕ ਸੀ - ਲੁੱਟ ਖਸੁੱਟ, ਝੂਠੇ ਵਿਖਾਵੇ, ਬੜਬੋਲੇਪਣ ਤੇ ਹਉਮੈਂ ਦਾ।

ਇੱਕ ਨਿਹਕਾਮੀ ਸੀ ਦੂਜਾ ਕਾਮਨਾਵਾਂ ਦਾ ਗੁਲਾਮ ।
ਇੱਕ **'ਦੇਣ' ਦਾ ਵਿਸ਼ਵਾਸ਼ੀ ਸੀ, ਦੂਜਾ 'ਲੈਣ ਦਾ'** ਕਬਜ਼ਾ ਕਰਨ ਦੇ ਪਿੱਛੇ ਬਉਰਾ ਹੋਇਆ ਫਿਰਦਾ ਸੀ ।

ਇੱਕ ਸੀ ਭਾਈ ਲਾਲੋ ਅਤੇ ਦੂਜਾ ਸੀ ਮਲਿਕ ਭਾਗੋ ।
ਪਰ ਮਨੁੱਖੀ ਸੁਭਾਅ ਨੂੰ ਕੀ ਕਹੀਏ । ਅੱਜ ਹਰ 'ਭਾਈ ਲਾਲੋ ਚਾਹੁੰਦਾ ਹੈ ਕਿ ਉਹ ਛੇਤੀ ਤੋਂ ਛੇਤੀ ਮਲਿਕ ਭਾਗੋ ਬਣ ਜਾਏ । ਕਾਰਨ... ਬੜਾ ਸਾਫ਼ ਹੈ ।

ਸੰਸਾਰ ਵਿੱਚ ਮਾਨਤਾ,ਸਤਿਕਾਰ ਤੇ ਜੈ ਜੈ ਕਾਰ ਤਾਂ ਮਲਿਕ ਭਾਗੋ ਨੂੰ ਮਿਲਦਾ ਹੈ।

ਭਾਈ ਲਾਲੋ ਨੂੰ ਤਾਂ ਬੜੀ ਮੁਸ਼ਕਲ ਨਾਲ ਮਿਲਦੀ ਹੈ ਥੋਹੜ੍ਹੀ ਜਿਹੀ ਹਮਦਰਦੀ ।

ਗਰੀਬ ਲਈ ਇਨਾਂ (ਮਾਮੂਲੀ ਜਿਹਾ) ਕੰਮ ਕਰਕੇ ਮਲਿਕ ਭਾਗੋ ਫੁੱਲਿਆ ਨਹੀਂ ਸਮਾਂਦਾ। ਉਹ ਸੋਚਦਾ ਹੈ - ਮੈਂ ਭਾਈ ਲਾਲੋ ਦੀ ਕਿੰਨੀ 'ਮਦਦ' ਕੀਤੀ ਹੈ, ਉਸ ਤੇ ਕਿੰਨਾ ਪਰਉਪਕਾਰ ਕੀਤਾ ਹੈ । ।

ਵਿਚਾਰਾ ਭਾਈ ਲਾਲੋ

ਸੰਸਾਰ ਵਿੱਚ ਆਏ ਸਾਰੇ ਅਵਤਾਰ, ਗੁਰੂ ਜਾਂ ਪੈਗੰਬਰ ਗਰੀਬਾਂ ਨਾਲ, ਲਿਤਾੜਿਆਂ ਨਾਲ, ਪਿਛੜਿਆਂ ਨਾਲ ਆਪਣੀ ਹਮਦਰਦੀ ਦਰਸਾਉਂਦੇ ਹਨ, ਪਰ ਸ਼ਾਇਦ ਹੀ ਕਿਸੇ ਨੇ ਅਜਿਹੀਆਂ ਸ਼੍ਰੇਣੀਆਂ ਨਾਲ ਇੰਨੀ ਡੂੰਘੀ ਤਰਫ਼ਦਾਰੀ ਵਿਵਹਾਰਿਕ ਸਾਂਝ

ਦਰਸਾਈ ਹੋਵੇ ਜਿੰਨੀ ਗੁਰੂ ਨਾਨਕ ਸਾਹਿਬ ਨੇ । ਜਦੋਂ ਤੁਸੀਂ ਕਹਿੰਦੇ ਹੋ ਕਿ ਮੈਂ ਫਲਾਂ ਬੰਦੇ ਦਾ ਜਾਂ ਫਲਾਂ ਤਬਕੇ ਦਾ ਸਾਥ ਦੇ ਰਿਹਾ ਹਾਂ ਤਾਂ ਉਸ ਦੇ ਨਾਲ ਇਹ ਵੀ ਦਸੱਣਾ ਪੈਂਦਾ ਹੈ ਕਿ ਮੈਂ ਫਲਾਂ ਬੰਦੇ ਜਾਂ ਤਬਕੇ ਦੇ ਨਾਲ ਦਾ ਨਹੀਂ ।

ਇਹ ਆਖਣਾ ਸੌਖਾ ਹੈ ਕਿ ਮੈਂ ਗਰੀਬਾਂ ਦੇ ਹੱਕ ਵਿੱਚ ਹਾਂ, ਪਰ ਇਹ ਆਖਣਾ ਔਖਾ ਹੈ ਕਿ ਮੈਂ ਅਮੀਰਾਂ ਨਾਲ ਕੋਈ ਸਾਂਝ ਨਹੀਂ ਰੱਖਦਾ । ਪਰ ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਨੇੜਤਾ ਤੇ ਆਪਣੀ ਦੂਰੀ ਵਿੱਚ ਕੋਈ ਭੁਲੇਖਾ ਨਹੀਂ ਸੀ ਰੱਖਿਆ ।

ਕਈ ਵਾਰ ਮੇਰੇ ਮਨ ਵਿੱਚ ਖਿਆਲ ਆਉਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੀਆਂ ਕੰਧਾਂ ਜਾਂ ਛੱਤਾਂ ਤੇ ਸੋਨਾ ਲਗਵਾ ਕੇ ਕੀ ਸੱਚੀ ਕੋਈ ਚੰਗਾ ਕੰਮ ਕੀਤਾ ਸੀ? ਢਾਈ ਸੌ ਵਰ੍ਹੇ ਤੱਕ ਉਹ ਸਭ ਲਈ ਸ੍ਰੀ ਹਰਿਮੰਦਰ ਸਾਹਿਬ ਹੀ ਸੀ। ਸੋਨਾ ਲੱਗਣ ਪਿੱਛੋਂ ਉਹ 'ਗੋਲਡਨ ਟੈਂਪਲ' ਜਾਂ ਸਵਰਣ ਮੰਦਰ ਬਣਨਾ ਸ਼ੁਰੂ ਗਿਆ ਹੈ ਹੌਲੀ-ਹੌਲੀ 'ਨਾਮਦਾਰ' ਜਾਂ 'ਆਨਦਾਰ' ਗੁਰਦੁਆਰੇ ਬਣਾਏ ਜਾਣ ਦੀ ਥਾਂ ਸਾਡਾ ਧਿਆਨ ਸ਼ਾਨਦਾਰ ਗੁਰਦੁਆਰੇ ਬਣਾਏ ਜਾਣ ਵੱਲ ਵਧੇਰਾ ਹੋਣ ਲੱਗ ਪਿਆ। ਮੈਂ ਸਮਝਦਾ ਹਾਂ ਕਿ ਭਾਈ ਲਾਲੋ ਉੱਤੇ ਮਲਿਕ ਭਾਗੋ ਦੀ ਇਹ ਪਹਿਲੀ ਜਿੱਤ ਸੀ।

ਫਿਰ ਗੁਰੂ ਸਾਹਿਬਾਂ ਦੀਆਂ ਅਜਿਹੀਆਂ ਤਸਵੀਰਾਂ ਬਣਨ ਲੱਗ ਪਈਆਂ ਜਿਨ੍ਹਾਂ ਵਿੱਚ ਉਨ੍ਹਾਂ ਦੇ ਗਲ ਵਿੱਚ ਮੋਤੀਆਂ ਦੀ ਮਾਲਾ ਅਤੇ ਦਸਤਾਰ ਉੱਤੇ ਹੀਰੇ-ਜਵਾਹਰਾਤ ਦੀਆਂ ਲੜੀਆਂ ਬੰਨ੍ਹੀਆਂ ਜਾਣ ਲੱਗੀਆਂ। ਸਾਡਾ ਰੁਝਾਨ ਇਸ ਪਾਸੇ ਵੱਲ ਵਧਣ ਲੱਗ ਪਿਆ ਕਿ ਸਾਡੇ ਗੁਰੂ ਸਹਿਬਾਨ 'ਗੁਰੂ' ਘੱਟ ਤੇ ਬਾਦਸ਼ਾਹ ਵਧੇਰੇ ਨਜ਼ਰ ਆਉਣ।

ਗੁਰੂ ਹਰਿਗੋਬਿੰਦ ਸਾਹਿਬ ਵੇਲੇ ਤੋਂ ਜਿਹੜੀ ਤਬਦੀਲੀ ਆਉਣੀ ਸ਼ੁਰੂ ਹੋਈ ਸੀ, ਉਸ ਦਾ ਇੱਕ ਖਾਸ ਪਿਛੋਕੜ ਸੀ: ਮੁਗ਼ਲ ਤਖ਼ਤ ਨਾਲ ਗੁਰ ਗੱਦੀ ਦਾ ਟਕਰਾਓ ਸ਼ੁਰੂ ਹੋ ਗਿਆ ਸੀ । ਅਜੇ ਤੱਕ ਸਿੱਖੀ ਦਾ ਮੁੱਖ ਰੂਪ 'ਪੀਰੀ' ਸੀ। ਹੁਣ ਉਸ ਨਾਲ 'ਮੀਰੀ' ਵੀ ਆ ਜੁੜੀ ਸੀ, ਤਖਤ, ਘੋੜਾ, ਕਿਰਪਾਨ, ਸ਼ਿਕਾਰ, ਕਲਗੀ, ਰਾਜਸੀ ਬਸਤਰ ਮੀਰੀ ਦੀ ਪਛਾਣ ਸਨ। ਵੇਲਾ ਅਜਿਹਾ ਆ ਗਿਆ ਸੀ ਕਿ 'ਗੁਰੂ' ਹੁਣ ਸਿਰਫ਼ ਪੀਰ ਨਹੀਂ ਸੀ ਉਹ 'ਮੀਰ' ਵੀ ਸੀ।

ਗੁਰੂ ਗੋਬਿੰਦ ਸਿੰਘ ਜੀ ਨਾਲ 'ਕਲਗੀਧਰ', 'ਬਾਜਾਂ ਵਾਲੇ' ਨੀਲੇ ਘੋੜੇ ਦੇ ਸਵਾਰ' ਆਦਿ ਕਿੰਨੇ ਹੀ ਨਾਂ ਅਸੀਂ ਜੋੜਦੇ ਹਾਂ। ਅਸਲ ਵਿੱਚ ਇਸ ਦੇਸ਼ ਦੀ ਜਨਤਾ ਸਦੀਆਂ ਦੀ ਗੁਲਾਮੀ ਪਿੱਛੋਂ ਇਹ ਭੁੱਲ ਗਈ ਸੀ ਕਿ ਉਸ ਦੇ ਆਪਣੇ ਵਿੱਚੋਂ ਵੀ ਅਜਿਹੀ ਸ਼ਖਸ਼ੀਅਤ ਉਭੱਰ ਸਕਦੀ ਹੈ ਜਿਸ ਦੇ ਸਿਰ ਤੇ ਕਲਗੀ ਹੋਵੇ, ਬਾਂਹ ਤੇ ਬਾਜ਼ ਬੈਠਾ ਹੋਵੇ,ਥੱਲੇ ਗੈਰ-ਮਾਮੂਲੀ ਘੋੜਾ ਹੋਵੇ। ਇਹ ਸਾਰੀਆਂ ਨਿਸ਼ਾਨੀਆਂ ਮੁਗ਼ਲ ਬਾਦਸ਼ਾਹਾਂ ਦੀਆਂ ਸਨ। ਉਨ੍ਹਾਂ ਹਾਲਤਾਂ ਵਿੱਚ:- 'ਮੀਰੀ' ਦਾ ਇਹ ਵੇਸ ਆਮ ਲੋਕਾਂ ਵਿੱਚੋਂ ਸਵੈਮਾਨ ਤੇ ਸਵੈ ਭਰੋਸਾ ਪੈਦਾ ਕਰਦਾ ਸੀ। ਇਸ ਤੋਂ ਲੋਕਾਂ ਨੂੰ ਵਿਦੇਸ਼ੀ ਤਾਕਤ ਦੇ ਮੁਕਾਬਲੇ ਵਿੱਚ ਆਪਣੀ ਤਾਕਤ ਦੇ ਉਭਾਰਨ ਦਾ ਵਿਸ਼ਵਾਸ਼ ਪ੍ਰਾਪਤ ਹੁੰਦਾ ਸੀ।

ਜਿਸ ਖਾਲਸੇ ਨੂੰ ਦਸਵੇਂ ਪਾਤਸ਼ਾਹ ਨੇ ਜਨਮ ਦਿੱਤਾ ਉਹ ਸੰਤ ਸਿਪਾਹੀ ਸੀ। ਇਥੋਂ ਜਿਸ ਤਾਕਤ ਨੇ ਜਨਮ ਲਿਆ ਉਹ ਸੰਤ ਸਿਪਾਹੀ ਦੀ ਤਾਕਤ ਸੀ।

ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਤਾਕਤ ਵਿੱਚ ਸੰਤ ਪਹਿਲਾਂ ਹੈ ਸਿਪਾਹੀ ਪਿੱਛੋਂ। ਪੀਰ ਪਹਿਲਾਂ ਹੈ ਮੀਰ ਪਿੱਛੋਂ।

ਭਾਈ ਲਾਲੋ ਪਹਿਲਾਂ ਹੈ ਮਲਿਕ ਭਾਗੋ ਪਿੱਛੋਂ ਹੈ। ਕਿਉਂ ਕਿ ਇਸ ਵਿਚਾਰਧਾਰਾ ਦਾ ਮੁੱਖ ਪ੍ਰਤੀਕ ਭਾਈ ਲਾਲੋ ਹੈ।

ਪਰ ਭਾਈ ਲਾਲੋ ਸਦਾ ਹੀ ਸਿੱਧਾ ਹੈ, ਬੜਾ ਨਿਰਛੱਲ ਹੈ, ਬੜਾ ਨਿਮਾਣਾ ਹੈ ਕਿਉਂ ਕਿ ਉਹ ਆਮ ਲੋਕਾਂ ਵਿੱਚੋਂ ਹੈ। ਮਲਿਕ ਭਾਗੋ ਬੜਾ ਤੇਜ਼ ਹੈ, ਉਸ ਨੂੰ ਹਰ ਤਰਾਂ ਦੀ ਚਤੁਰਾਈ ਆਉਂਦੀ ਹੈ। ਉਹ ਮੌਕਾ ਵੇਖ ਕੇ ਹਰ ਤਰਾਂ ਦਾ ਭੇਖ ਧਾਰਨ ਕਰ ਸਕਦਾ ਹੈ। ਜਾਪਦਾ ਹੈ ਅੱਜ ਦੀ ਸਿੱਖੀ ਉਤੇ ਅਨੇਕ ਰੂਪ ਧਾਰ ਕੇ ਮਲਿਕ ਭਾਗੋ ਛਾਉਂਦਾ ਜਾ ਰਿਹਾ ਹੈ।

ਵੇਖੋ ਨਾ, ਧਰਮ ਤੇ ਪੰਥ ਦੀ ਸੇਵਾ ਦਾ ਦਮ ਭਰਨ ਵਾਲੀਆਂ ਗੁਰਦੁਆਰਾ ਕਮੇਟੀਆਂ ਦੀਆਂ ਚੋਣਾਂ ਲੜਨ ਦੀ ਜੁਰਅਤ ਵਿਚਾਰਾ ਭਾਈ ਲਾਲੋ ਕਿਵੇਂ ਕਰ ਸਕਦਾ ਹੈ। ਜਦੋਂ ਕਿ ਇਸ ਵਿੱਚ ਦਸ-ਦਸ ਲੱਖ ਰੁਪਿਆ ਖਰਚ ਆਉਂਦਾ ਹੈ ਇਹ ਸਮਰੱਥਾ ਤਾਂ ਮਲਿਕ ਭਾਗੋ ਵਿੱਚ ਹੀ ਹੈ।

ਦਿੱਲੀ ਦੀ ਨਵੀਂ ਚੁਣੀ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਨੇ ਐਲਾਨ ਕਰ ਦਿੱਤਾ ਹੈ ਕਿ ਉਹ ਬੰਗਲਾ ਸਾਹਿਬ ਅਤੇ ਰਕਾਬ ਗੰਜ ਗੁਰਦੁਆਰਿਆਂ ਨੂੰ ਏਅਰ ਕੰਡੀਸ਼ਨ, ਕਰਵਾਉਣਗੇ। ਉਹਨਾਂ ਦੀ ਨਜ਼ਰ ਵਿੱਚ ਇਹ ਬੜੀ ਉਤਮ ਸੇਵਾ ਹੈ। ਕੰਧਾਂ ਤੇ ਸੰਗਮਰਮਰ ਲਗਵਾਉਣ ਦਾ ਅਤੇ ਗੁੰਬਦ ਉਤੇ ਸੋਨਾ ਚੜ੍ਹਵਾਉਣ ਤੋਂ ਅੱਗੇ ਲੰਘ ਕੇ।

ਦਿੱਲੀ ਵਿੱਚ(1991 ਦੀ ਜਨ ਗਣਨਾ ਅਨੁਸਾਰ) ਸਿੱਖਾਂ ਦੀ ਅਬਾਦੀ ਸਾਢੇ ਚਾਰ ਲੱਖ ਤੋਂ ਵੱਧ ਹੈ। ਇਹਨਾਂ ਵਿੱਚੋਂ 5 ਫੀਸਦੀ ਲੋਕਾਂ ਦੇ ਘਰਾਂ ਵਿੱਚ ਏਅਰ ਕੰਡੀਸ਼ਨਰ ਨਹੀਂ ਹੋਣੇ। ਅਸੀਂ ਗੁਰਧਾਮਾਂ ਨੂੰ 95 ਫੀਸਦੀ ਲੋਕਾਂ ਤੋਂ ਤੋੜ ਕੇ 5 ਫੀਸਦੀ ਨਾਲ ਜੋੜਨ ਦਾ ਯਤਨ ਕਰ ਰਹੇ ਹਾਂ।

ਜੇ ਭਾਈ ਲਾਲੋ ਕੋਲੋ ਪੁੱਛਿਆ ਜਾਂਦਾ ਤਾਂ ਉਹ ਕਹਿੰਦੇ

ਆਓ ਇਸ ਪੈਸੇ ਨਾਲ ਅਸੀਂ ਕੁਝ ਚਲਦੇ ਫਿਰਦੇ ਹਸਪਤਾਲ ਬਣਾਈਏ, ਇਹ ਮੈਡੀਕਲ ਵੈਨ (ਜਾਂ ਵੈਨਾਂ) ਹਰ ਉਸ ਇਲਾਕੇ ਵਿੱਚ ਵਾਰੋ ਵਾਰੀ ਜਾਏ ਜਿਥੇ ਉਹ ਗਰੀਬ ਵੱਸਦੇ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਨੇ ਆਪਣੇ ਸੰਗਿ-ਸਾਥ ਕਿਹਾ ਸੀ। ਉਥੇ ਉਹ ਬਿਨਾਂ ਕਿਸੇ ਵਿਤਕਰੇ ਦੇ ਉਹਨਾਂ ਸਾਰੇ ਲੋਕਾਂ ਦੀ ਸੇਵਾ ਕਰਨ, ਜਿਨ੍ਹਾਂ ਨੂੰ ਇਸ ਦੀ ਲੋੜ ਹੈ। ਗੁਰਧਾਮਾਂ ਵਿੱਚ 'ਏਅਰ ਕੰਡੀਸ਼ਨਰ' ਲਗਵਾਉਣ ਨਾਲ ਉਹਨਾਂ ਦੀ ਦਿਖਾਵਟੀ ਸ਼ਾਨ ਵਧੇਗੀ ਪਰ ਆਮ ਲੋਕਾਂ ਦੀ ਸੇਵਾ ਨਾਲ ਸਿੱਖੀ ਦਾ ਮਾਣ ਵਧੇਗਾ, ਉਸ ਦਾ ਅਕਸ ਉਜਲਾ ਹੋਵੇਗਾ।

ਦਿੱਲੀ ਦੇ ਇੱਕ ਗੁਰਦੁਆਰੇ ਵਿੱਚ ਇੱਕ ਪ੍ਰੇਮੀ ਸੱਜਣ ਦੇ ਉਦਮ ਨਾਲ ਗੁਰੂ ਗਰੰਥ ਸਾਹਿਬ ਲਈ ਸੋਨੇ ਦੀ ਪਾਲਕੀ ਬਣਵਾਈ ਗਈ। ਬੜੇ ਧੂਮ-ਧੜੱਕੇ ਨਾਲ ਉਹ ਪਾਲਕੀ ਗੁਰਦੁਆਰੇ ਵਿੱਚ ਲਿਆਂਦੀ ਗਈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿਨ੍ਹਾਂ ਨੇ ਇਹ ਉਪਰਾਲਾ ਕੀਤਾ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਸ ਨਾਲ ਉਹਨਾਂ ਨੂੰ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਹੋਣਗੀਆਂ।

ਮੈਂ ਸੋਚਦਾ ਹਾਂ ਕਿ ਜੇ ਸੱਚ ਮੁੱਚ ਗੁਰੂ ਸਾਹਿਬ ਇਸ ਸਮੇਂ ਸਾਡੇ ਵਿੱਚ ਹੁੰਦੇ ਤਾਂ ਕੀ ਉਹ ਇਸ ਸੇਵਾ ਤੋਂ ਪ੍ਰਸੰਨ ਹੁੰਦੇ?

ਮੈਂ ਸੋਚਦਾ ਹਾਂ ਉਹ ਆਖਦੇ ਭਾਈ ਸਿੱਖਾ, ਜੇ ਸੱਚ ਮੁੱਚ ਤੂੰ ਸੇਵਾ ਕਰਨੀ ਚਾਹੁੰਦਾ ਹੈਂ ਤਾਂ ਇਸ ਪੈਸੇ ਨਾਲ ਇੱਕ ਅਜਿਹਾ ਟੈਕਨੀਕਲ ਸਕੂਲ ਖੋਲ੍ਹ ਜਿਸ ਵਿੱਚ ਗਰੀਬ ਬੱਚੇ ਦਸਤਕਾਰੀ ਦੇ ਹੁਨਰ ਸਿੱਖ ਕੇ ਚੰਗੇ ਸੁਚੱਜੇ ਕਿਰਤੀ ਬਣ ਕੇ ਬਿਨਾਂ ਕਿਸੇ ਮੁਥਾਜੀ ਦੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ।

ਗੱਲ ਗਰੀਬ ਬੱਚਿਆਂ ਦੇ ਪੜ੍ਹਣ - ਪੜ੍ਹਾਉਣ ਦੀ ਆ ਗਈ । ਪਿਛਲੇ 2-3 ਦਹਾਕਿਆਂ ਤੋਂ ਚਹੁੰ ਪਾਸਿਆਂ ਤੋਂ ਪਬਲਿਕ ਸਕੂਲਾਂ ਦੀ ਲਹਿਰ ਆਈ ਹੋਈ ਹੈ। ਹਰ ਕੋਈ ਸੋਚਦਾ ਹੈ ਕਿ

ਬੱਚਿਆਂ ਦੀ ਚੰਗੀ ਪੜ੍ਹਾਈ ਦਾ ਇੱਕੋ ਇੱਕ ਰਾਹ ਹੈ ਕਿ ਉਨ੍ਹਾਂ ਨੂੰ 'ਇੰਗਲਿਸ਼ ਮੀਡੀਅਮ' ਸਕੂਲ ਵਿੱਚ ਪੜ੍ਹਾਇਆ ਜਾਏ। ਦਿੱਲੀ ਵਿੱਚ ਅੱਜਕਲ੍ਹ ਇੱਕ ਬੱਚੇ ਦੀ ਅਜਿਹੇ ਸਕੂਲ ਵਿੱਚ ਪੜ੍ਹਾਈ ਦਾ ਖਰਚ ਤਕਰੀਬਨ ਪੰਜ ਸੌ ਰੁਪਏ ਆ ਜਾਂਦਾ ਹੈ। ਦੋ ਬੱਚੇ ਪੜ੍ਹਾਉਣੇ ਹੋਣ ਤਾਂ ਇੱਕ ਹਜ਼ਾਰ ਰੁਪਿਆ ਮਹੀਨਾ।

ਦੋ ਬੱਚਿਆਂ ਦੀ ਪੜ੍ਹਾਈ ਉੱਤੇ ਇੱਕ ਹਜ਼ਾਰ ਰੁਪਿਆ ਖਰਚ ਕਰਨ ਵਾਲੇ ਪਰਿਵਾਰ ਦੀ ਮਾਸਿਕ ਆਮਦਨ 8 ਤੋਂ 10 ਹਜ਼ਾਰ ਰੁਪਏ ਹੋਣੀ ਚਾਹੀਦੀ ਹੈ। ਸੋਚਣ ਵਾਲੀ ਗੱਲ ਹੈ ਕਿ ਦਿੱਲੀ ਵਰਗੇ ਸ਼ਹਿਰ ਵਿੱਚ ਵਸਣ ਵਾਲੇ ਸਿੱਖਾਂ ਵਿੱਚੋਂ ਇੰਨੀ ਆਮਦਨ ਵਾਲੇ ਕਿੰਨੇ ਕੁ ਪਰਿਵਾਰ ਹੋਣਗੇ?

ਉਤਲੇ ਪੱਧਰ ਤੇ ਥੋਹੜੇ ਜਿਹੇ ਨੌਕਰੀ ਪੇਸ਼ਾ ਅਤੇ ਵਪਾਰੀ ਤਬਕੇ ਨੂੰ ਛੱਡ ਕੇ ਕਿੰਨੇ ਕੁ ਪਰਿਵਾਰ ਇੰਨੀ ਆਮਦਨ ਕਰ ਲੈਂਦੇ ਹਨ?

ਨਿੱਕੀਆਂ-ਨਿੱਕੀਆਂ ਨੌਕਰੀਆਂ ਕਰਨ ਵਾਲੇ ਤਰਖਾਣਾ, ਲੋਹਾਰਾ ਪੇਸ਼ਾ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ ਉਤਲੀ ਆਮਦਨ ਵਾਲੇ ਤਬਕੇ ਤੋਂ ਕਿਤੇ ਵਧ ਹੈ। ਅਨੁਮਾਨ ਹੈ ਕਿ ਦਿੱਲੀ ਦੇ ਸਿੱਖਾਂ ਵਿੱਚ ਘੱਟ ਆਮਦਨ ਵਾਲਾ ਤਬਕਾ ੭੦ ਫੀ ਸਦੀ ਤੋਂ ਵਧੇਰੇ ਹੈ।

ਪਹਿਲਾਂ ਇਹ ਰੁਝਾਨ ਸੀ ਕਿ ਸਰਕਾਰੀ ਸਹਾਇਤਾ ਨਾਲ ਅਜਿਹੇ ਖਾਲਸਾ ਸਕੂਲ ਖੋਲ੍ਹੇ ਜਾਣ ਜਿਥੇ ਫੀਸ ਬੜੀ ਘੱਟ ਹੋਵੇ, ਜਿਸ ਨਾਲ ਆਦਮੀ ਆਪਣੇ ਬੱਚਿਆਂ ਨੂੰ ਵਿਦਿਆ ਪ੍ਰਾਪਤ ਕਰਾ ਸਕੇ।

ਹੁਣ ਫੈਸ਼ਨ ਹੈ 'ਪਬਲਿਕ ਸਕੂਲਾਂ' ਦਾ। ਪਬਲਿਕ ਸਕੂਲਾਂ ਵਿੱਚ ਪੜ੍ਹਾਉਣਾ *'ਸਟੇਟਸ ਸਿੰਬਲ* ਬਣ ਗਿਆ ਹੈ।

ਇਸੇ ਤਰਾਂ ਪਬਲਿਕ ਸਕੂਲ ਖੋਲ੍ਹਣਾ ਵੀ ਵਡਿਆਈ ਤੇ ਮਾਣ ਦੀ ਗੱਲ ਸਮਝੀ ਜਾਂਦੀ ਹੈ। ਸਿੱਟਾ ਇਹ ਨਿਕਲਿਆ ਕਿ

ਦਿੱਲੀ ਗੁਰਦੁਆਰਾ ਕਮੇਟੀ ਦਾ ਸਾਰਾ ਧਿਆਨ ਸਹਾਇਤਾ ਪ੍ਰਾਪਤ ਖਾਲਸਾ ਸਕੂਲ ਖੋਲ੍ਹਣ ਵੱਲ ਨਹੀਂ, ਪਬਲਿਕ ਸਕੂਲਾਂ ਵੱਲ ਹੈ।

ਕਮੇਟੀ ਦੇ ਅਧੀਨ 5 ਸਹਾਇਤਾ ਪ੍ਰਾਪਤ ਸਕੂਲ ਹਨ ਜਿਹੜੇ ਮੁਢਲੇ ਦੌਰ ਵਿੱਚ ਬਣ ਗਏ ਸਨ। ਪਿਛਲੇ ਵਰ੍ਹਿਆਂ 'ਚ ਸਿਰਫ਼ ਪਬਲਿਕ ਸਕੂਲ ਸ਼ੁਰੂ ਕੀਤੇ ਗਏ ਜਿਨ੍ਹਾਂ ਦੀ ਗਿਣਤੀ 10 ਹੈ। ਸਥਾਨਕ ਸਿੰਘ ਸਭਾਵਾਂ ਨੇ ਵੀ ਆਪਣੀਆਂ ਕਾਲੋਨੀਆਂ ਵਿੱਚ ਸਿਰਫ਼ ਪਬਲਿਕ ਸਕੂਲ ਖੋਲ੍ਹੇ ਹਨ। ਸਾਰਾ ਧਿਆਨ ਮਲਿਕ ਭਾਗੋ ਵੱਲ ਹੈ।

ਸਾਡੀ ਮਾਨਸਿਕਤਾ ਤੇ ਮਲਿਕ ਭਾਗੋ ਕਿਸ ਕਦਰ ਹਾਵੀ ਹੈ, ਇਸ ਦੀ ਇੱਕ ਮਿਸਾਲ ਹੈ ਕਿ ਦਿੱਲੀ ਵਿੱਚ ਸਿੱਖਾਂ ਵੱਲੋਂ ਜਿੰਨੇ ਵੀ ਸੈਮੀਨਾਰ, ਸਵਾਗਤ ਸਮਾਗਮ ਜਾਂ ਦੂਜੇ ਕਿਸਮ ਦੇ ਸਮਾਰੋਹ ਕੀਤੇ ਜਾਂਦੇ ਹਨ ਉਨ੍ਹਾਂ ਵਿੱਚ ਪੂਰਾ ਯਤਨ ਇਹ ਹੁੰਦਾ ਹੈ ਕਿ ਇਹ ਕਿਸੇ 'ਪੰਜ ਸਿਤਾਰਾ' ਹੋਟਲ ਵਿੱਚ ਕੀਤੇ ਜਾਣ। **ਗੱਲ ਭਾਵੇਂ ਧਰਮ ਦੀ ਹੋਵੇ, ਪੰਥ ਦੀ ਚੜ੍ਹਦੀ ਕਲਾ ਦੀ ਹੋਵੇ, ਵਿਦਿਆ ਪਸਾਰਨ ਦੀ ਹੋਵੇ, ਕਿਸੇ ਵਿਅਕਤੀ ਨੂੰ ਕਿਸੇ ਪ੍ਰਾਪਤੀ ਲਈ ਵਧਾਈ ਦੇਣ ਦੀ ਹੋਵੇ, ਸਾਰੀ ਦੌੜ ਇਸ ਗੱਲ ਦੀ ਹੁੰਦੀ ਕਿ ਸਮਾਗਮ ਵੱਡੇ ਤੋਂ ਵੱਡੇ ਪੰਜ ਸਿਤਾਰਾ ਹੋਟਲ ਵਿੱਚ ਕੀਤਾ ਜਾਏ ਕਿਉਂ ਕਿ ਉਸ ਦੇ ਬਗੈਰ ਵਾਹ-ਵਾਹ ਨਹੀਂ ਹੁੰਦੀ, ਸ਼ਾਨ ਨਹੀਂ ਬਣਦੀ।**

• ਆਮ ਲੋਕਾਂ ਵਿੱਚ ਇੱਕ ਬੜੀ ਗਲਤ ਫ਼ਹਿਮੀ ਫੈਲੀ ਹੋਈ ਹੈ ਕਿ ਸਾਰੇ ਸਿੱਖ ਬੜੇ ਰੱਜੇ ਪੁੱਜੇ ਤੇ ਅਮੀਰ ਹੁੰਦੇ ਹਨ ਇਸ ਨੇ ਲੋਕਾਂ ਵਿੱਚ ਬੜਾ ਸਾੜਾ ਵੀ ਪੈਦਾ ਕੀਤਾ ਹੈ ਜਿਸ ਦਾ ਕੁਝ ਪ੍ਰਗਟਾਵਾ ਗੁੰਡਾ ਅਨਸਰਾਂ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਤੇ ਲੁੱਟਮਾਰ ਵਿੱਚ ਕੀਤਾ ਸੀ। ਉਸ ਵੇਲੇ ਦਿੱਲੀ ਵਿੱਚ ਬਹੁਤਾ

ਕਰਕੇ ਅਮੀਰ ਸਿੱਖਾਂ ਦੇ ਘਰ ਲੁੱਟੇ ਗਏ ਸਨ, ਪਰ ਮਾਰੇ ਜਾਣ ਵਾਲੇ ਬਹੁਤੇ ਸਿੱਖ ਗਰੀਬ ਸਨ। ਜਿਹੜੇ ਦੂਰ ਦਰਾਜ ਦੀਆਂ ਝੁੱਗੀਆਂ ਜਾਂ ਪੁਨਰਵਾਸ ਕਾਲੋਨੀਆਂ ਵਿੱਚ ਰਹਿੰਦੇ ਸਨ। ਉਸ ਵੇਲੇ ਮਨੁੱਖੀ ਅਧਿਕਾਰਾਂ ਪ੍ਰਤੀ ਡੂੰਘਾ ਸਰੋਕਾਰ ਰੱਖਣ ਵਾਲੇ ਲੋਕਾਂ ਤੇ ਜਥੇਬੰਦੀਆਂ ਨੇ ਦੰਗਾ ਪੀੜਤ ਅਜਿਹੇ ਸਿੱਖਾਂ ਦੀ ਬੜੀ ਸੰਭਾਲ ਕੀਤੀ ਸੀ। ਮੈਨੂੰ ਯਾਦ ਹੈ ਕਿ ਉਸ ਵੇਲੇ ਮੈਨੂੰ ਦੰਗਾ ਪੀੜਤਾਂ ਵਿੱਚ ਰੁਝੇ ਹੋਏ ਇੱਕ ਵਿਅਕਤੀ ਨੇ ਕਿਹਾ ਸੀ:-

"ਮੈਂ ਤਾਂ ਸਮਝਦਾ ਸਾਂ, ਸਾਰੇ ਸਿੱਖ ਬੜੇ ਰੱਜੇ-ਪੁੱਜੇ ਹੁੰਦੇ ਹਨ ਪਰ ਇਹਨਾਂ ਪੀੜਤਾਂ ਨੂੰ ਦੇਖ ਕੇ ਪਹਿਲੀ ਵਾਰ ਇਹ ਪਤਾ ਲੱਗਿਆ ਕਿ ਸਿੱਖ ਅੰਤਾਂ ਦੇ ਗਰੀਬ ਵੀ ਹਨ।"

ਬੜੇ ਅਸਚਰਜ ਦੀ ਗੱਲ ਹੈ ਕਿ ਅਜਿਹੀ ਗਲਤ ਫਹਿਮੀ ਸਿਰਫ ਗੈਰ ਸਿੱਖਾਂ ਵਿੱਚ ਹੀ ਨਹੀਂ, ਸਗੋਂ ਕਿੰਨੇ ਹੀ ਸਿੱਖਾਂ ਵਿੱਚ ਵੀ ਹੈ। ਉਹ ਸਮਝਦੇ ਹਨ ਕਿ ਹਰ ਸਿੱਖ ਬੜਾ ਰੱਜਿਆ-ਪੁੱਜਿਆ ਹੈ।

ਉਹਨਾਂ ਨੂੰ ਮੈਂ ਆਖਦਾ ਹਾਂ ਕਿ ਦਿੱਲੀ ਦੀਆਂ ਝੁੱਗੀਆਂ ਅਤੇ ਪੁਨਰਵਾਸ ਕਾਲੋਨੀਆਂ ਵਿੱਚ ਜਾ ਕੇ ਵੇਖੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਮੰਜੀਆਂ ਠੀਕ ਕਰਨ ਵਾਲੇ, ਤਾਲੇ ਦੀਆਂ ਚਾਬੀਆਂ ਲਾਉਣ ਵਾਲੇ, ਚੂੜੀਆਂ ਵੇਚਣ ਵਾਲੇ, ਰਿਕਸ਼ਾ ਵਾਹੁਣ ਵਾਲੇ, ਨਿੱਕੀ ਮੋਟੀ ਨੌਕਰੀ ਕਰਨ ਵਾਲੇ ਸਿੱਖ ਪਰਿਵਾਰਾਂ ਦੀ ਕੀ ਹਾਲਤ ਹੈ?

ਤਿਲਕ ਵਿਹਾਰ ਦੀ ਸ਼ਮਸ਼ਾਨ ਭੂਮੀ ਦੇ ਨੇੜੇ ਝੁਗੀਆਂ ਵਿੱਚ ਰਹਿਣ ਵਾਲੇ ਉਨ੍ਹਾਂ ਸਿੱਖ ਪਰਿਵਾਰਾਂ ਦੀ ਹਾਲਤ ਜਾ ਕੇ ਵੇਖੋ,ਜਿਹੜੇ ਨਰਕ ਤੋਂ ਵੀ ਭੈੜਾ ਜੀਵਨ ਉਥੇ ਗੁਜ਼ਾਰ ਰਹੇ ਹਨ।

ਪਰ ਮਲਿਕ ਭਾਗੋ ਦੇ ਸਾਕ ਸੰਬੰਧੀ, ਦੋਸਤ - ਮਿੱਤਰ ਵੀ ਉਸ ਵਰਗੇ ਹੁੰਦੇ ਹਨ। ਭਾਈ ਲਾਲੋ ਦੀ ਝੁੱਗੀ ਵੱਲ ਵੇਖਣ ਦੀ ਵਿਹਲ ਕਿਸ ਕੋਲ ਹੈ? ਗੁਰੂ ਨਾਨਕ ਨੇ ਮਲਿਕ ਭਾਗੋ ਦੇ ਪਕਵਾਨ

ਵਿੱਚੋਂ ਲਹੂ ਕੱਢ ਕੇ ਉਸ ਦਾ ਤ੍ਰਿਸਕਾਰ ਕਰ ਦਿੱਤਾ ਸੀ ਅਤੇ ਭਾਈ ਲਾਲੋ ਦੀ ਸੁੱਕੀ ਰੋਟੀ ਵਿੱਚੋਂ ਦੁੱਧ ਦਾ ਸੁਆਦ ਮਾਣਦੇ ਹੋਏ ਉਸ ਨੂੰ ਗਲ ਨਾਲ ਲਾ ਲਿਆ ਸੀ।

ਜਾਪਦਾ ਹੈ ਅੱਜ ਦੇ ਸਿੱਖਾਂ ਨੂੰ ਭਾਗੋ ਦੇ ਰਿਸਦੇ ਹੋਏ ਲਹੂ ਵਿੱਚੋਂ ਪਿਸਤੇ - ਬਾਦਾਮ ਵਾਲੇ ਦੁੱਧ ਦਾ ਸੁਆਦ ਆਉਣ ਲੱਗ ਪਿਆ ਹੈ ਅਤੇ ਭਾਈ ਲਾਲੋ ਦੀ ਸੁੱਕੀ ਰੋਟੀ ਵਾਲਾ ਦੁੱਧ ਬੜਾ ਬਕਬਕਾ ਲਗਦਾ ਹੈ।

ਡਾ: ਮਹੀਪ ਸਿੰਘ ਦਿੱਲੀ

ਬੱਚਿਆਂ ਲਈ:-

ਭਾਈ ਲਾਲੋ

ਭਾਈ ਲਾਲੋ ਐਮਨਾਬਾਦ (ਪਾਕਿਸਤਾਨ) ਵਿੱਚ ਰਹਿਣ ਵਾਲਾ ਤਰਖਾਣ ਸੀ ਜੋ ਮਿਹਨਤ ਕਰਕੇ ਆਪਣੀ ਰੋਟੀ ਕਮਾਉਂਦਾ ਸੀ। ਉਹ ਆਪ ਭਾਂਵੇਂ ਬਹੁਤ ਗਰੀਬ ਸੀ ਪਰ ਫਿਰ ਵੀ ਆਪਣੇ ਕੋਲੋਂ ਲੋੜਵੰਦਾਂ ਨੂੰ ਰੋਟੀ ਖੁਆਉਂਦਾ ਸੀ। ਲੋਕ ਭਾਂਵੇਂ ਉਸ ਨੂੰ ਨੀਚ-ਜ਼ਾਤ ਦਾ ਕਹਿੰਦੇ ਸਨ ਪਰ ਗੁਰੂ ਨਾਨਕ ਦੇਵ ਜੀ ਉਸ ਨੂੰ ਪਿਆਰ ਕਰਦੇ ਸਨ। ਉਹ ਉਸ ਦੇ ਘਰ ਜਾ ਕੇ ਰਹਿੰਦੇ ਸਨ ਕਿਉਂ ਕਿ ਉਹ ਧਰਮ ਦੀ ਕਿਰਤ ਕਰਦਾ ਸੀ, ਝੂਠ-ਚਲਾਕੀ ਨਹੀਂ ਸੀ ਕਰਦਾ। ਅਤਿ ਗਰੀਬ ਹੋਣ ਤੇ ਵੀ ਆਪਣੀ ਕਮਾਈ ਵਿੱਚੋਂ ਦਸਵਾਂ ਹਿੱਸਾ (ਦਸਵੰਧ) ਧਰਮ ਹਿੱਤ ਕਢਦਾ ਸੀ ਅਤੇ ਹੋਰ ਗਰੀਬਾਂ ਅਤੇ ਲੋੜਵੰਦਾਂ ਦੀ ਉਸ ਨਾਲ ਸਹਾਇਤਾ ਕਰਦਾ ਸੀ।

ਪਰ ਬ੍ਰਾਹਮਣ,ਖੱਤਰੀ ਆਪਣੇ ਆਪ ਨੂੰ ਉੱਚੀ ਜ਼ਾਤੀ ਦੇ ਸਮਝਣ ਵਾਲੇ ਇਸ ਗੱਲ ਨੂੰ ਚੰਗਾ ਨਾ ਸਮਝਦੇ ਅਤੇ ਗੁਰੂ ਜੀ ਵਿਰੁੱਧ ਪ੍ਰਚਾਰ ਕਰਦੇ।

ਐਮਨਾਬਾਦ ਦੇ ਹਾਕਮ ਦਾ ਇੱਕ ਅਹਿਲਕਾਰ ਸੀ ਜਿਸ ਦਾ ਨਾਂ ਮਲਿਕ ਭਾਗੋ ਸੀ, ਉਹ ਜਿਥੇ ਬੜਾ ਰਿਸ਼ਵਤਖੋਰ ਸੀ, ਉੱਥੇ ਝੂਠ ਚਲਾਕੀ ਅਤੇ ਹੇਰਾਫੇਰੀ ਕਰਨ ਵਿੱਚ ਮਾਹਿਰ ਸੀ। ਗਰੀਬ ਲੋਕ ਉਸ ਕੋਲੋਂ ਬਹੁਤ ਦੁਖੀ ਸਨ। ਪਰ ਉਹ ਆਪਣੇ ਆਪ ਨੂੰ ਉੱਚੀ ਕੁਲ ਦਾ ਸਮਝਦਾ ਸੀ।

ਮਲਿਕ ਭਾਗੋ ਹਰ ਸਾਲ ਗਰੀਬਾਂ, ਸੰਤਾਂ-ਸਾਧਾਂ ਨੂੰ ਭੋਜਨ ਛਕਵਾ ਧਰਮੀ ਬਣ ਜਾਂਦਾ ਸੀ। ਇਸ ਵਾਰ ਵੀ ਉਸ ਨੇ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾ ਕੇ ਰਮਤੇ ਸੰਤਾਂ-ਸਾਧਾਂ ਤੇ ਹੋਰਨਾਂ ਨੂੰ ਛਕਾਏ ਤੇ ਉਨ੍ਹਾਂ ਨੇ ਉਸ ਨੂੰ ਬੜਾ ਧਰਮੀ ਤੇ ਨੇਕ ਆਦਮੀ ਆਖਿਆ ।

ਉਨ੍ਹਾਂ ਦਿਨਾਂ ਵਿੱਚ ਗੁਰੂ ਨਾਨਕ ਦੇਵ ਜੀ ਵੀ ਭਾਈ ਲਾਲੋ ਦੇ ਘਰ ਠਹਿਰੇ ਹੋਏ ਸਨ- ਮਲਿਕ ਭਾਗੋ ਨੇ ਉਨ੍ਹਾਂ ਨੂੰ ਵੀ ਭੋਜਨ ਛਕਣ ਦਾ ਸੱਦਾ ਭੇਜਿਆ-ਪਰ ਗੁਰੂ ਜੀ ਨਾ ਗਏ। ਮਲਿਕ ਭਾਗੋ ਨੇ ਇਸ ਵਿੱਚ ਆਪਣੀ ਬੇਇਜ਼ਤੀ ਸਮਝੀ। ਅੱਗੋਂ ਬ੍ਰਾਹਮਣਾਂ ਤੇ ਖੱਤਰੀਆਂ ਨੇ ਉਸ ਨੂੰ ਹੋਰ ਭੜਕਾਇਆ। ਗੁੱਸੇ ਵਿੱਚ ਭਰੇ ਪੀਤੇ ਨੇ ਫਿਰ ਆਦਮੀ ਭੇਜਿਆ-ਗੁਰੂ ਜੀ ਭਾਈ ਮਰਦਾਨੇ ਦੇ ਨਾਲ ਆ ਗਏ ਪਰ ਭੋਜਨ ਛਕਣ ਤੋਂ ਇਨਕਾਰ ਕਰ ਦਿੱਤਾ।

ਮਲਿਕ ਨੇ ਪੁਛਿੱਆ "ਤੁਸੀਂ ਮੇਰੇ ਬ੍ਰਹਮ ਭੋਜ ਵਿੱਚ ਕਿਉਂ ਨਹੀਂ ਸ਼ਾਮਲ ਹੋਏ? ਖੱਤਰੀ ਹੋ ਕੇ ਸੂਦਰ ਦੇ ਘਰ ਕਿਉਂ ਰੋਟੀ ਖਾਂਦੇ ਹੋ? ਸ਼ੂਦਰਾਂ ਕੋਲ ਜਾਣ ਨਾਲ ਸਾਡਾ ਧਰਮ ਭ੍ਰਿਸ਼ਟ ਹੁੰਦਾ ਹੈ।"

ਗੁਰੂ ਜੀ ਨੇ ਉੱਤਰ ਵਿੱਚ ਕਿਹਾ,"ਭਾਈ ਲਾਲੋ ਸ਼ੂਦਰ ਨਹੀਂ; ਮੇਰਾ ਪਿਆਰਾ ਸਿੱਖ ਹੈ । ਉਹ ਧਰਮ ਦੀ ਕਿਰਤ ਕਰਕੇ ਰੋਟੀ ਕਮਾਉਂਦਾ ਹੈ। ਉਹ ਭਾਂਵੇਂ ਗਰੀਬ ਹੈ ਤੇ ਉਸ ਦੀ ਰੋਟੀ ਕੋਧਰੇ ਦੀ ਹੈ ਪਰ ਫਿਰ ਵੀ ਉਸ ਦੀ ਰੋਟੀ ਵਿੱਚ ਦੁੱਧ ਹੈ। ਤੇਰੀ ਕਮਾਈ ਧਰਮ ਦੀ ਨਹੀ। ਤੂੰ ਲੋਕਾਂ ਤੇ ਜ਼ੁਲਮ ਕਰਦਾ ਹੈਂ,ਰਿਸ਼ਵਤ ਲੈ ਕੇ ਗਰੀਬਾਂ ਦਾ ਖ਼ੂਨ ਚੂਸਦਾ ਹੈਂ, ਇਸ ਲਈ ਤੇਰੀਆਂ ਪੂੜੀਆਂ ਗਰੀਬਾਂ ਦੇ ਖ਼ੂਨ ਨਾਲ ਬਣੀਆਂ ਹੋਈਆਂ ਹਨ। ਇਸ ਲਈ ਮੈਂਨੂੰ ਤੇਰੇ ਇਸ ਭੋਜਨ ਨਾਲੋਂ ਲਾਲੋ ਦੀ ਸੁੱਕੀ ਕੋਧਰੇ ਦੀ ਰੋਟੀ ਵਧੇਰੇ ਸੁਆਦ ਲਗਦੀ ਹੈ। ਮੈਂ ਗਰੀਬਾਂ ਦੇ ਚੂਸੇ ਖ਼ੂਨ ਦੀ ਕਮਾਈ ਦਾ ਇਹ ਭੋਜਨ ਨਹੀਂ ਖਾ ਸਕਦਾ।

ਬੇਅੰਤ ਇੱਕਠੇ ਹੋਏ ਲੋਕਾਂ ਵਿੱਚ ਗੁਰੂ ਜੀ ਦਾ ਇਹ ਉਤੱਰ ਬੜਾ ਦਲੇਰੀ ਭਰਿਆ ਸੀ। ਇਸ ਤੋਂ ਸਾਨੂੰ ਵੀ ਦਲੇਰ ਬਣਨ ਦੀ ਪ੍ਰੇਰਨਾ ਮਿਲਦੀ ਹੈ। ਭਰੀ ਸਭਾ ਵਿੱਚ ਮਲਿਕ ਭਾਗੋ ਨੇ ਜਦ ਗੁਰੂ ਜੀ ਪਾਸੋਂ ਇਹ ਸੱਚੀਆਂ-ਸੱਚੀਆਂ ਗੱਲਾਂ ਸੁਣੀਆਂ ਤਾਂ ਉਹ ਬੜਾ ਸ਼ਰਮਿੰਦਾ ਹੋਇਆ। ਉਸ ਦੇ ਕੀਤੇ ਪਾਪ,ਗਰੀਬਾਂ ਨਾਲ ਕੀਤੀਆਂ ਜ਼ਿਆਦਤੀਆਂ ਉਸ ਦੀਆਂ ਅੱਖਾਂ ਸਾਹਮਣੇ ਆ ਗਈਆਂ ਤੇ ਇਸ ਤਰਾਂ ਉਸ ਦਾ ਉੱਚੀ ਜ਼ਾਤ ਦਾ ਘੁਮੰਡ ਵੀ ਜਾਂਦਾ ਰਿਹਾ।

ਉਸ ਵੇਲੇ ਗੁਰੂ ਜੀ ਨੇ ਸਮਝਾਇਆ ਕਿ ਕੋਈ ਮਨੁੱਖ ਜਨਮ ਕਰਕੇ ਨੀਵਾਂ ਨਹੀਂ ਹੋ ਸਕਦਾ। ਨੀਵਾਂ ਉਹ ਹੈ ਜੋ ਨੀਵੇਂ ਕੰਮ ਕਰਦਾ ਹੈ। ਗਰੀਬਾਂ ਦਾ ਖ਼ੂਨ ਚੂਸ ਕੇ ਉਸ ਕਮਾਈ ਵਿੱਚੋਂ ਬ੍ਰਹਮ ਭੋਜ ਕਰਨ ਨਾਲ ਪ੍ਰਮਾਤਮਾ ਖ਼ੁਸ਼ ਨਹੀਂ ਹੋ ਸਕਦਾ।

ਰਿਸ਼ਵਤ ਵਾਲੀ ਜਾਂ ਠੱਗੀ ਨਾਲ ਕੀਤੀ ਕਮਾਈ, ਪੁੰਨ ਕਰਨ ਨਾਲ ਉਹ ਹੱਕ ਦੀ ਨਹੀਂ ਬਣ ਜਾਂਦੀ। ਸੱਚੀ ਕਮਾਈ ਜਾਂ ਹੱਕ] v E g sB v C [illegible] p[illegible] n E g sB v ਵਾਸਤੇ ਕਿਸੇ ਨਾਲ ਧੱਕਾ ਨਾਂਹ (ਜ਼ਿਆਦਤੀ) ਕੀਤਾ ਗਿਆ ਹੋਵੇ।

ਬੱਚਿਓ! ਇਸ ਸਾਖੀ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਅਸੀਂ ਵੀ ਭਾਈ ਲਾਲੋ ਵਾਂਗ ਸੱਚੇ ਸਿੱਖ ਬਣਨਾ ਹੈ। ਵੱਡੇ ਹੋ ਕੇ ਅਸੀਂ ਵੀ ਧਰਮ ਦੀ ਸੱਚੀ-ਸੁੱਚੀ ਕਿਰਤ ਕਰਨੀ ਹੈ। ਇਸ ਹੱਕ ਦੀ ਕਮਾਈ ਵਿੱਚੋਂ ਅਸੀਂ ਵੀ ਗਰੀਬਾਂ-ਲੋੜਵੰਦਾਂ ਦੀ ਸਹਾਇਤਾ ਕਰਨੀ ਹੈ ਤੇ ਗੁਰੂ ਜੀ ਦੇ ਪਿਆਰੇ ਸਿੱਖ ਬਣਨਾ ਹੈ। ਬ੍ਰਾਹਮਣਾਂ ਦੀਆਂ ਲੋਕਾਂ ਵਿੱਚ ਪਾਈਆਂ ਵੰਡੀਆਂ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਇਹ ਲੋਕਾਂ ਨਾਲ ਧੋਖਾ ਹੈ। ਗੁਰੂ ਦਾ ਸਿੱਖ ਕਿਸੇ ਨੂੰ ਸ਼ੂਦਰ ਭਾਵ ਨੀਚ ਨਹੀਂ ਸਮਝਦਾ ਤੇ ਬ੍ਰਾਹਮਣ ਨੂੰ ਉੱਚਾ ਨਹੀਂ ਮੰਨਦਾ।

ਸਾਡੇ ਵਿੱਚ ਵੀ ਕਈ ਐਸੇ ਹੋ ਗਏ ਹਨ ਜੋ ਲੋਕਾਂ ਨਾਲ ਠੱਗੀਆਂ ਕਰਕੇ ਮਲਿਕ ਭਾਗੋ ਵਾਂਗ ਪੈਸਾ ਇਕੱਠਾ ਕਰਦੇ ਹਨ ਤੇ ਫਿਰ ਸਾਲ ਦੇ ਸਾਲ ਅਖੰਡ ਪਾਠ ਕਰਵਾ ਕੇ ਲੰਗਰ ਕਰਕੇ ਜਾਂ ਤੀਰਥਾਂ ਤੇ ਇਸ਼ਨਾਨ ਕਰਕੇ ਸਮਝਦੇ ਹਨ ਕਿ ਉਨ੍ਹਾਂ ਦੇ ਪਾਪ ਧੋਤੇ ਗਏ। ਇਸ ਤਰਾਂ ਉਹ ਆਣੇ ਆਪ ਨੂੰ ਧੋਖਾ ਦੇ ਰਹੇ ਹਨ। ਪਾਪ ਤਾਂ ਹੀ ਧੋਤੇ ਜਾ ਸਕਣਗੇ ਜੇ ਅਸੀਂ ਧਰਮ ਦੀ ਸੱਚੀ ਸੁੱਚੀ ਕਿਰਤ ਕਰਾਂਗੇ, ਨਾਮ ਜਪਾਂਗੇ, ਬਾਣੀ ਧਿਆਨ ਨਾਲ ਪੜ੍ਹਾਂ- ਸੁਣਾਂਗੇ ਤੇ ਵੰਡ ਕੇ ਛਕਾਂਗੇ।

ਕਿਰਤ ਵਿਰਤ ਕਰਿ ਧਰਮ ਦੀ
ਹਥਹੁ ਦੇ ਕੇ ਭਲਾ ਮਨਾਵੈਸ (ਵਾਰ 6/12)

(2) *ਹੱਕ ਪਰਾਇਆ ਨਾਨਕਾ ,ਉਸੁ ਸੂਅਰ ਉਸੁ ਗਾਇ॥*
ਗੁਰੁ ਪੀਰੁ ਹਾਮਾ ਤਾ ਭਰੇ,ਜਾ ਮੁਰਦਾਰੁ ਨ ਖਾਇ॥

ਗੁਰੂ ਸਾਹਿਬ ਕਹਿੰਦੇ ਹਨ ਕਿ ਬੇਗਾਨਾ ਹੱਕ ਉਸ (ਮੁਸਲਮਾਨ) ਲਈ ਸੂਰ (ਖਾਣ ਤੁਲ) ਹੈ (ਅਤੇ ਦੂਜੇ) ਉਸ (ਹਿਦੂ) ਲਈ ਗਊ (ਖਾਣ ਸਮਾਨ) ਹੈ।

(ਹਿਦੂ ਦਾ) ਗੁਰੂ (ਤੇ ਮੁਸਲਮਾਨ ਦਾ) ਪੀਰ(ਆਪਣੇ ਮੁਰੀਦ ਅਥਵਾ ਚੇਲੇ ਦੇ (ਸ਼ੁਭ ਆਚਰਨ ਦੀ) ਹਾਮੀ (ਸਾਖ) ਤਾਂ ਭਰੇਗਾ ਜਦੋਂ (ਉਹ) ਪਰਾਇਆ ਹੱਕ(ਹਰਾਮ) ਨਹੀਂ ਖਾਏਗਾ।

(3) *ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲ ਨਾ ਜਾਇ*

ਹਰਾਮ (ਨਾ ਖਾਣ ਜੋਗ ਖਾਣੇ,) ਵਿੱਚ (ਜੇ) ਮਸਾਲੇ ਪਾ ਦੇਈਏ(ਤਾਂ ਉਹ) ਹਲਾਲ (ਭਾਵ ਖਾਣ ਜੋਗ) ਨਹੀਂ ਹੋ ਜਾਂਦਾ। ਝੂਠ ਠੱਗੀ ਦੀ ਕਮਾਈ ਵਿੱਚੋਂ ਦਾਨ ਪੁੰਨ ਕਰਨ ਨਾਲ ਉਹ ਕਮਾਈ ਸੁੱਚੀ ਨਹੀਂ ਹੋ ਜਾਂਦੀ।

ਨੋਟ: ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ

ਵਾਲੇ ਟ੍ਰੈਕਟ 50/- ਸੈਂਕੜਾ ਦੇ ਹਿਸਾਬ

ਭੇਟਾ ਸ੍ਰ. ਦੀਦਾਰ ਸਿੰਘ C -129,

ਵਿਕਾਸ ਕਲੋਨੀ, ਪਟਿਆਲਾ

ਨੂੰ ਭੇਜ ਕੇ ਮੰਗਵਾ ਸਕਦੇ ਹੋ।